# ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ ਵਲੋਂ ਸਿੱਖ ਤਵਾਰੀਖ਼ ਨੂੰ ਸੰਭਾਲਣ ਦੇ ਨਾਂ 'ਤੇ ਸਿੱਖ ਗੁਰੂ ਸਾਹਿਬਾਨ, ਸਿੱਖ ਸ਼ਹੀਦਾਂ ਅਤੇ ਸਿੱਖ ਪਿਰਤਾਂ ਦੇ ਗੌਰਵਸ਼ਾਲੀ ਇਤਿਹਾਸ ਨੂੰ ਵਿਗਾੜਣ ਵਾਲਿਆਂ ਤੋਂ ਸੁਚੇਤ ਰਹਿਣ ਦੀ ਅਪੀਲ

ਵਿਦੇਸ਼ ਵਸਦੇ ਸਿੱਖਾਂ ਨੂੰ ਦਰਪੇਸ਼ ਆਉਂਦੀਆਂ ਕੌਮੀ ਸਮੱਸਿਆਵਾਂ ਦੇ ਸਮਾਧਾਨ ਲਈ ਪੰਥਕ ਨੁਮਾਇੰਦਿਆਂ ਦੀ ਇੱਕ ਭਰਵੀਂ ਇਕਤਰਤਾ ਬੀਤੇ ਦਿਨੀਂ ਗੁਰੂ ਨਾਨਕ ਨਿਸ਼ਕਾਮ ਸੇਵਕ ਜੱਥੇ ਦੇ ਮੁੱਖ ਅਸਥਾਨ, ਸੋਹੋ ਰੋਡ, ਬਰਮਿੰਘਮ ਵਿਖੇ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਸ ਪੰਥਕ ਜਥੇਬੰਦੀਆਂ, ਗੁਰਦੁਆਰਾ ਕੌਂਸਲਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ। ਇਸ ਮੀਟਿੰਗ ਵਿਚ ਸ਼ਾਮਲ ਗੁਰਸਿੱਖਾਂ ਵਿਚੋਂ ਸਰਵ ਸ੍ਰ· ਜਸਦੇਵ ਸਿੰਘ ਰਾਏ (ਸਾਊਥਾਲ), ਬਲਵਿੰਦਰ ਸਿੰਘ ਚਹੇੜੂ (ਸਿੱਖ ਗੁਰਦੁਆਰਾ ਕੌਂਸਲ ਸੈਂਡਵਿਲ), ਕੌਂਸਲਰ ਗੁਰਦਿਆਲ ਸਿੰਘ ਅਟਵਾਲ, ਸੁਖਬੀਰ ਸਿੰਘ ਲੰਡਨ (ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ), ਗੁਰਮੀਤ ਸਿੰਘ ਸਿੱਧੂ (ਖਜ਼ਾਨਚੀ, ਵੁਲਵਰਹੈਂਪਟਨ ਸਿੱਖ ਗੁਰਦੁਆਰਾ ਕੌਂਸਲ), ਜਥੇਦਾਰ ਬਲਬੀਰ ਸਿੰਘ ਵਾਲਸਾਲ (ਅਖੰਡ ਕੀਰਤਨੀ ਜਥਾ), ਜਥੇਦਾਰ ਮਹਿੰਦਰ ਸਿੰਘ ਖੈਰ੍ਹਾ (ਗੁਰਦੁਆਰਾ ਅੰਮ੍ਰਿਤ ਪ੍ਰਚਾਰ ਧਾਰਮਿਕ ਦੀਵਾਨ ਓਲਡਬਰੀ), ਜਗਦੇਵ ਸਿੰਘ ਬੋਪਾਰਾਏ (ਜਨਰਲ ਸਕੱਤਰ, ਸਿੱਖ ਗੁਰਦੁਆਰਾ ਕੌਂਸਲ ਬਰਮਿੰਘਮ), ਸੋਡਾ ਸਿੰਘ (ਗੁਰੂ ਨਾਨਕ ਗੁਰਦੁਆਰਾ ਡਡਲੀ), ਭਾਈ ਅਜੀਤ ਸਿੰਘ (ਗੁਰੂ ਤੇਗ ਬਹਾਦਰ ਗੁਰਦੁਆਰਾ ਡਡਲੀ), ਰਣਜੀਤ ਸਿੰਘ (ਗੁਰੂ ਨਾਨਕ ਗੁਰਦੁਆਰਾ ਵੈਸਟ ਬ੍ਰਮਵਿਚ), ਰਣਧੀਰ ਸਿੰਘ (ਬਿਲਸਟਨ), ਮਾਸਟਰ ਅਵਤਾਰ ਸਿੰਘ (ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ), ਜਥੇਦਾਰ ਮੋਤਾ ਸਿੰਘ ਢੇਸੀ (ਨਿਹੰਗ ਸਿੰਘ ਸਭਾ ਯੂ·ਕੇ·), ਚਰਨ ਸਿੰਘ (ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਟੀਵੀਡੇਲ), ਕੁਲਵੰਤ ਸਿੰਘ ਢੇਸੀ (ਗੁਰਦੁਆਰਾ ਸਿੰਘ ਸਭਾ ਕਾਵੈਂਟਰੀ), ਤਰਸੇਮ ਸਿੰਘ ਦਿਓਲ ਵਿਲਨਹਾਨ (ਬ੍ਰਿਟਿਸ ਸਿੱਖ ਕੌਂਸਲ), ਬਲਿਹਾਰ ਸਿੰਘ ਰਾਮੇਵਾਲ (ਸ੍ਰੋਮਣੀ ਯੂਥ ਅਕਾਲੀ ਦਲ), ਸਰਬਜੀਤ ਸਿੰਘ ਕੂਨਰ (ਅੰਮ੍ਰਿਤਸਰ ਅਕਾਲੀ ਦਲ), ਅਜੈਬ ਸਿੰਘ (ਗੁਰੂ ਨਾਨਕ ਗੁਰਦੁਆਰਾ ਸਮੈਦਿਕ), ਕੁਲਵੰਤ ਸਿੰਘ ਮੁਠੱਡਾ (ਸਿੱਖ ਸਟੂਡੈਂਟਸ ਫੈਡਰੇਸ਼ਨ), ਰਣਜੀਤ ਸਿੰਘ ਰਾਣਾ (ਸਾਹਿਬ ਸ਼ਬਦ ਯੱਗ), ਜਥੇਦਾਰ ਜੋਗਾ ਸਿੰਘ ਅਤੇ ਕੁਲਦੀਪ ਸਿੰਘ ਚਹੇੜੂ (ਕੋਆਰਡੀਨੇਟਰ ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼) ਦੇ ਨਾਂ ਖਾਸ ਤੌਰ 'ਤੇ ਵਰਨਣਯੋਗ ਹਨ। ਇਸ ਮੀਟਿੰਗ ਦੌਰਾਨ ਯੂਰਪ ਵਿਚ ਵਸਦੇ ਸਿੱਖਾਂ ਦੀ ਨੁਮਾਇੰਦਗੀ ਉਚੇਚੇ ਤੌਰ 'ਤੇ ਪੁੱਜੇ ਕਸ਼ਮੀਰ ਸਿੰਘ ਫਰਾਂਸ, ਰਘਬੀਰ ਸਿੰਘ, ਸੁਖਦੇਵ ਸਿੰਘ ਚਾਹਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਕੀਤੀ।

ਇਸ ਮੀਟਿੰਗ ਵਿਚ ਹੋਰ ਮਸਲਿਆਂ ਨੇ ਨਾਲ ਨਾਲ ਇੱਕ ਐਸੀ ਕਿਤਾਬ ਦਾ ਮਸਲਾ ਵੀ ਉਭਰ ਕੇ ਸਾਹਮਣੇ ਆਇਆ, ਜਿਸ ਵਿਚ ਸਿੱਖ ਤਵਾਰੀਖ਼ ਨੂੰ ਸੰਭਾਲਣ ਦੇ ਨਾਂ 'ਤੇ ਸਿੱਖ ਗੁਰੂ ਸਾਹਿਬਾਨ, ਸਿੱਖ ਸ਼ਹੀਦਾਂ ਅਤੇ ਸਿੱਖ ਪਿਰਤਾਂ ਦੀ ਗੌਰਵਸ਼ਾਲੀ ਤਵਾਰੀਖ਼ ਨੂੰ ਵਿਗਾੜਣ ਦਾ ਕੋਝਾ ਯਤਨ ਕੀਤਾ ਗਿਆ ਹੈ। ਇਸ ਕਿਤਾਬ ਵਿਚ ਡਾ· ਹਰਜਿੰਦਰ ਸਿੰਘ ਦਿਲਗੀਰ ਨੇ ਗੁਰਦੁਆਰਾ ਸੰਤ ਘਾਟ ਸੁਲਤਾਨਪੁਰ ਲੋਧੀ, ਗੁਰਦੁਆਰਾ ਸੱਚਾ ਸੌਦਾ ਚੂਹੜਕਾਣਾ, ਗੁਰਦੁਆਰਾ ਪੰਜਾ ਸਾਹਿਬ ਪਾਕਿਸਤਾਨ, ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਅਤੇ ਗੁਰੂ ਸਾਹਿਬਾਨ ਨਾਲ ਸਬੰਧਤ ਅਨੇਕਾਂ ਹੋਰ ਇਤਿਹਾਸਿਕ ਗੁਰਧਾਮਾਂ ਨੂੰ 'ਨਕਲੀ ਗੁਰਦੁਆਰੇ' ਆਖਿਆ ਹੈ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਸਥਿਤ ਪਾਵਨ-ਪਵਿੱਤਰ 'ਹਰਿ ਕੀ ਪਉੜੀ' ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾ ਵਿਚ ਸੁਸ਼ੋਭਿਤ 'ਦੁੱਖਭੰਜਨੀ ਬੇਰੀ' ਦੀ ਗੁਰਮਤਿ ਨਾਲ ਜੁੜੀ ਹੋਂਦ 'ਤੇ ਵੀ ਕਿੰਤੂ ਕੀਤਾ ਗਿਆ ਹੈ। ਬੜੇ ਸਪਸ਼ੱਟ ਸ਼ਬਦਾਂ ਵਿਚ ਆਖਿਆ ਗਿਆ ਹੈ ਕਿ ਗੁਰੂ ਨਾਨਕ ਸਾਹਿਬ ਨੇ ਕੋਈ 'ਸੱਚਾ ਸੌਦਾ' ਨਹੀਂ ਕੀਤਾ। ਸੁਲਤਾਨਪੁਰ ਲੋਧੀ ਵਾਲੀ ਵੇਈਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਟੁਭੀ ਨਹੀਂ ਮਾਰੀ। ਐਮਨਾਬਾਦ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਲਕ ਭਾਗੋ ਦੇ ਪਕਵਾਨਾਂ ਵਿਚੋਂ ਖ਼ੂਨ ਨਹੀਂ ਦਿਖਾਇਆ। ਇਸ ਕਿਤਾਬ ਵਿਚ ਸ੍ਰੀ ਗੁਰੂ ਅਮਰ ਦਾਸ ਜੀ ਵਲੋਂ ਖਡੂਰ ਸਾਹਿਬ ਵਿਖੇ ਕੀਤੀ ਗੁਰੂ ਘਰ ਦੀ ਕਰੜੀ ਘਾਲ ਨੂੰ ਵੀ ਨਕਾਰਿਆ ਗਿਆ ਹੈ।

ਅਸੀਂ ਆਪਣੇ ਵਲੋਂ ਬਹੁਤਾ ਕੁਝ ਆਖਣ ਨਾਲੋਂ ਇਸ ਕਿਤਾਬ ਵਿਚੋਂ ਕੁਝ ਟੂਕਾਂ ਹੁਬਹੂ (ਕਿਤਾਬ ਦਾ ਪੰਨਾ ਲਿਖ ਕੇ) ਪੰਥ-ਪ੍ਰਸਤ ਗੁਰਸਿੱਖਾਂ ਦੀ ਨਜ਼ਰ ਕਰ ਦੇਣਾ ਚਾਹੁੰਦੇ ਹਾਂ।

1) ਸਾਧੂਆਂ ਨੂੰ ਭੋਜਨ ਛਕਾਉਣ ਵਾਲੇ 'ਸੱਚੇ ਸੌਦੇ' ਬਾਰੇ ਦਿਲਗੀਰ ਦੀ ਟਿੱਪਣੀ ਹੈ: **"ਗੁਰੂ ਸਾਹਿਬ ਵਿਹਲੜਾਂ ਵਾਸਤੇ ਪੈਸੇ ਖਰਚ ਕਰਨ ਦਾ ਫ਼ਲਸਫ਼ਾ ਨਹੀਂ ਸਨ ਪਰਚਾਰ ਸਕਦੇ।** (ਪੰਨਾ 119)

2) ਸੁਲਤਾਨਪਰ ਵਿਖੇ ਵੇਈਂ ਵਿਚ ਟੁਭੀ ਮਾਰਨ ਵਾਲੀ ਸਾਖੀ ਅਤੇ ਗੁਰੂ ਸਾਹਿਬ ਨਾਲ ਸਬੰਧਤ ਇਤਹਾਸਿਕ ਗੁਰਧਾਮ 'ਸੰਤ ਘਾਟ' ਬਾਰੇ ਦਿਲਗੀਰ ਦਾ ਲਿਖਣਾ ਹੈ : **"ਇਹ ਕਹਾਣੀ ਮਗਰੋਂ ਘੜੀ ਗਈ ਸੀ ਤੇ ਇੰਵ ਹੀ ਸੁਲਤਾਨਪਰ ਵਿਚ 'ਗੁਰਦੁਆਰਾ ਸੰਤ ਘਾਟ' ਵੀ ਮਗਰੋਂ ਬਣਾਇਆ ਸੀ। ਅਜਿਹੇ ਦਰਜਨਾਂ ਨਕਲੀ ਗੁਰਦੁਆਰੇ ਹੋਰ ਜਗਹ ਵੀ ਬਣਾਏ ਗਏ ਸਨ, ਜੋ ਅੱਜ ਵੀ ਕਾਇਮ ਹਨ।"** (ਪੰਨਾ 123)

3) ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਲਾਹੀ ਅਜ਼ਮਤ ਦੇ ਜ਼ਾਹਰਾ ਪ੍ਰਗਟਾਅ ਗੁਰਦੁਆਰਾ ਪੰਜਾ ਸਾਹਿਬ ਬਾਰੇ ਦਿਲਗੀਰ ਦੀ ਟਿੱਪਣੀ ਹੈ : **"ਹਸਨ ਅਬਦਾਲ ਵਾਲਾ ਚਸ਼ਮਾ ਕਈ ਹਜ਼ਾਰ ਸਾਲ ਪੁਰਾਣਾ ਹੈ... ...ਮਹਾਰਾਜਾ ਰਣਜੀਤ ਸਿੰਘ ਨੇ ਇੱਕ ਪੱਥਰ ਉਕਰਵਾ ਕੇ, ਉਸ ਚਸ਼ਮੇ ਦੇ ਨੇੜੇ ਰੱਖ ਦਿੱਤਾ ਤੇ ਉੱਥੇ ਇੱਕ ਗੁਰਦੁਆਰਾ ਬਣਾ ਦਿੱਤਾ। ਮਗਰੋਂ ਇਸ ਨੂੰ ਉੱਥੋਂ ਚੁੱਕ ਕੇ ਚਸ਼ਮੇ ਵਿਚ ਜੜ ਦਿੱਤਾ ਗਿਆ।"** (ਪੰਨਾ 156)

4) ਸੈਦਪੁਰ (ਏਮਨਾਬਾਦ) ਵਿਚ ਗੁਰਦੁਆਰਾ 'ਚੱਕੀ ਸਾਹਿਬ' ਅਤੇ ਗੁਰੂ ਨਾਨਕ ਸਾਹਿਬ ਦੀ ਨਜ਼ਰਬੰਦੀ ਬਾਰੇ ਇਸ ਕਿਤਾਬ ਵਿਚ ਦਿਲਗੀਰ ਦੀ ਟਿੱਪਣੀ ਹੈ : **"ਇਹ ਸਹੀ ਨਹੀਂ ਜਾਪਦਾ, ਕਿਉਂਕਿ ਗੁਰੂ ਨਾਨਕ ਸਾਹਿਬ ਬਾਬਰ ਦੇ ਹਮਲੇ ਤੋਂ ਕਾਫੀ ਮਹੀਨੇ ਬਾਅਦ ਸੈਦਪੁਰ ਪੁੱਜੇ ਸਨ।"** (ਪੰਨਾ 167)

5) ਇਸ ਕਿਤਾਬ ਵਿਚ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦੋ ਵਿਆਹ ਹੋਣ ਦਾ ਜ਼ਿਕਰ ਕਰਕੇ ਬਾਬਾ ਬੁੱਢਾ ਜੀ ਵਾਲੇ ਇਤਿਹਾਸਿਕ ਵਰਤਾਰੇ ਨੂੰ ਮੁਢੋਂ ਹੀ ਰੱਦ ਕਰ ਦਿੱਤਾ ਗਿਆ ਹੈ। ਕਿਤਾਬ ਵਿਚ ਇਹ ਆਖਿਆ ਗਿਆ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ 'ਤੇ ਨਹੀਂ ਬਿਠਾਇਆ ਗਿਆ। ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਿਸ਼ਾਹ ਦੀ ਸ਼ਹਾਦਤ ਬਾਰੇ ਦਿਲਗੀਰ ਲਿਖਦਾ ਹੈ : **"ਉਦੋਂ ਰਾਵੀ ਦਰਿਆ ਦੇ ਕੰਢੇ 'ਤੇ ਤਪਦੀ ਰੇਤ ਨੂੰ 'ਤੱਤੀ ਤਵੀ' ਨਾਲ ਤਸ਼ਬੀਹ ਦਿੱਤੀ ਜਾਂਦੀ ਸੀ। ...ਇਸ ਤੋਂ ਕਵੀਆਂ ਨੇ ਤੱਤੀ ਤਵੀ 'ਤੇ ਬਿਠਾ ਕੇ ਸਿਰ ਵਿਚ ਰੇਤ ਪੁਆਉਣ ਦੀ ਕਲਪਨਾ ਵਾਲੀਆਂ ਕਵਿਤਾਵਾਂ ਲਿਖ ਦਿੱਤੀਆਂ।"** (ਪੰਨਾ 220)

ਦਿਲਗੀਰ ਹੋਰ ਲਿਖਦਾ ਹੈ, **"...ਛਬੀਲ ਲਾਉਣ ਦਾ ਇਸ ਗੁਰਪੁਰਬ ਨਾਲ ਕੋਈ ਸਬੰਧ ਨਹੀਂ।"** (ਪੰਨਾ 221)

6) ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਬਾਰੇ ਦਿਲਗੀਰ ਦੀ ਲਿਖਤ ਹੈ : **"ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਬਾਰੇ ਇਕ ਹੋਰ ਗਲਤ ਪ੍ਰਾਪੇਗੰਡਾ ਇਹ ਵੀ ਕੀਤਾ ਜਾਂਦਾ ਹੈ ਕਿ ਆਪ ਦਾ ਜਨਮ ਬਾਬਾ ਬੁੱਢਾ ਦੇ ਵਰ ਨਾਲ ਹੋਇਆ ਸੀ। ਅਜਿਹਾ ਜਾਪਦਾ ਹੈ ਕਿ ਇਸ ਪਿੱਛੇ ਸਿੱਖ ਪੰਥ ਦੇ ਦੁਸ਼ਮਣਾਂ ਦੀ ਸਾਜਿਸ਼ ਹੈ ਜੋ ਇਕ ਤਾਂ ਗੁਰੂ ਅਰਜਨ ਸਾਹਿਬ ਨੂੰ 'ਦੀਨ' (ਕਮਜ਼ੋਰ, ਨਿਤਾਣਾ) ਤੇ ਬਾਬਾ ਬੁੱਢਾ ਨੂੰ 'ਵੱਡਾ' (ਗੁਰੂ ਤੋਂ ਵਧ ਤਾਕਤ ਵਾਲਾ) ਸਾਬਿਤ ਕਰਨਾ ਚਾਹੁੰਦੇ ਸਨ।** (ਪੰਨਾ 225)

7) ਇਸ ਕਿਤਾਬ ਵਿਚ ਦਿਲਗੀਰ ਲਿਖਦਾ ਹੈ ਕਿ 'ਖੰਡੇ ਦੀ ਪਾਹੁਲ' ਨੂੰ 'ਅੰਮ੍ਰਿਤ' ਨਹੀਂ ਕਿਹਾ ਜਾ ਸਕਦਾ।

ਦਿਲਗੀਰ 'ਆਪੇ ਗੁਰ ਚੇਲਾ' ਵਾਲੇ ਗੁਰਮਤਿ ਸਿਧਾਂਤ ਦੇ ਵਿਰੋਧ ਵਿਚ ਲਿਖਦਾ ਹੈ, **"ਗੁਰੂ ਸਾਹਿਬ ਨੇ ਖੰਡੇ ਨਾਲ ਪਹਿਲਾਂ ਆਪਣੇ ਮੂੰਹ ਵਿਚ ਅੰਮ੍ਰਿਤ ਦੀਆਂ ਪੰਜ ਬੂੰਦਾਂ ਪਾਈਆਂ ਤੇ ਫਿਰ ਪੰਜਾਂ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਦਿੱਤੀ। ਪੰਜਾਂ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਦੇ ਪਿੱਛੋਂ ਆਪ ਉਨ੍ਹਾਂ ਕੋਲੋਂ ਪਾਹੁਲ ਲੈਣ ਦੀ ਕਹਾਣੀ ਮਗਰੋਂ ਘੜੀ ਗਈ ਜਾਪਦੀ ਹੈ।"** (ਪੰਨਾ 316)

9) ਸਿੱਖ ਇਤਿਹਾਸ ਦੇ ਪੰਥ-ਪ੍ਰਵਾਨਤ ਸਰੋਤਾਂ ਦੇ ਉਲਟ ਇਸ ਪੁਸਤਕ ਵਿਚ ਦਿਲਗੀਰ ਨੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਦਾ ਸਾਕਾ ਚਮਕੌਰ ਸਾਹਿਬ ਵਾਲੀ ਸ਼ਹਾਦਤ ਤੋਂ ਪਹਿਲਾਂ ਬੀਬੀ ਤਾਰਾ ਕੌਰ ਨਾਲ ਆਨੰਦ ਕਾਰਜ ਕਰਵਾ ਕੇ ਉਸ ਦੇ ਘਰ ਇੱਕ ਪੁੱਤਰ ਹਠੀ ਸਿੰਘ ਦੇ ਜਨਮ ਲੈਣ ਦਾ ਵੀ ਜ਼ਿਕਰ ਕੀਤਾ ਹੈ (ਪੰਨਾ 328) ਅਤੇ ਫਿਰ ਵਿਧਵਾ ਤਾਰਾ ਕੌਰ ਦਾ ਦੂਜਾ ਵਿਆਹ ਵੀ ਬੁਰਹਾਨਪੁਰ ਦੇ ਇੱਕ ਸਿੱਖ ਨਾਲ ਕਰਵਾ ਦਿੱਤਾ ਗਿਆ ਹੈ। (ਪੰਨਾ 405)

8) ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਸੰਪੂਰਨਤਾ (ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸਮੇਤ) ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੀ ਬਜਾਏ ਸ੍ਰੀ ਆਨੰਦਪੁਰ ਸਾਹਿਬ ਵਿਖੇ 1678 ਈ. ਵਿਚ ਹੀ ਕਰਵਾ ਦਿੰਦਾ ਹੈ। (ਪੰਨਾ 298)

9) ਰਬਾਬੀ ਸੱਤਾ ਤੇ ਬਲਵੰਡ ਦੇ ਪੰਥ-ਪ੍ਰਵਾਨਤ ਇਤਿਹਾਸ ਦੇ ਵਿਰੋਧ ਵਿਚ ਦਿਲਗੀਰ ਦੀ ਟਿੱਪਣੀ ਹੈ, **"ਸੱਤਾ ਤੇ ਬਲਵੰਡ ਕਦੇ ਵੀ ਪੰਜਵੇਂ ਪਾਤਿਸ਼ਾਹ ਨਾਲ ਰੁਸੇ ਨਹੀਂ ਸਨ।"** (ਪੰਨਾ 218)

9) ਅਮਰ ਸ਼ਹੀਦ ਮੋਤੀ ਰਾਮ ਮਹਿਰਾ ਬਾਰੇ ਉਸ ਦੀ ਟਿੱਪਣੀ ਹੈ, **"ਮੋਤੀ ਰਾਮ ਮਹਿਰਾ ਇਕ ਕਵੀ ਦਾ ਘੜਿਆ ਕਾਲਪਨਿਕ ਪਾਤਰ ਹੈ ਤੇ ਹਕੀਕਤ ਵਿਚ ਕਦੇ ਨਹੀਂ ਹੋਇਆ।"** (ਪੰਨਾ 1653)

10) ਇੰਝ ਹੀ ਉਸ ਨੇ ਸਿੱਖ ਕੌਮ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ, ਅਕਾਲੀ ਬਾਬਾ ਫੂਲਾ ਸਿੰਘ ਅਤੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਬਾਰੇ ਵੀ ਬੜੀਆਂ ਘਟੀਆ ਕਿਸਮ ਦੀਆਂ ਟਿੱਪਣੀਆਂ ਕੀਤੀਆਂ ਹਨ। (ਪੰਨਾ 1659)

11) ਇਸ ਕਿਤਾਬ ਵਿਚ ਦਿਲਗੀਰ ਲਿਖਦਾ ਹੈ ਕਿ ਟੋਡਰ ਮੱਲ ਨੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਨਹੀਂ ਕੀਤਾ।

ਉਹ ਲਿਖਦਾ ਹੈ **"ਸ਼ੇਰ ਮੁਹੰਮਦ ਖ਼ਾਨ ਬਾਰੇ ਇਹ ਝੂਠਾ ਪ੍ਰਚਾਰ ਸੀ ਕਿ ਉਸ ਨੇ ਸਾਹਿਬਜ਼ਾਦਿਆਂ ਵਾਸਤੇ 'ਹਾਅ' ਦਾ ਨਾਅਰਾ ਮਾਰਿਆ।** (ਪੰਨਾ 1653)

12) ਦਿਲਗੀਰ ਨੇ ਇਸ ਕਿਤਾਬ ਵਿਚ ਅਨੇਕਾਂ ਪੰਥਕ ਸਖ਼ਸ਼ੀਅਤਾਂ ਬਾਰੇ ਨਾਂਹ-ਪੱਖੀ ਟਿੱਪਣੀਆਂ ਕੀਤੀਆਂ ਹਨ, ਉਹ ਸਖ਼ਸ਼ੀਅਤ ਬੇਸ਼ੱਕ ਕੋਈ ਪ੍ਰਚਾਰਕ ਹੋਵੇ, ਨਾਮਣੇ ਵਾਲਾ ਸੰਤ ਹੋਵੇ, ਸ਼ਰਧਾਵਾਨ ਸਿੱਖ ਵਿਦਵਾਨ ਹੋਵੇ, ਤਖ਼ਤ ਸਾਹਿਬਾਨ ਦਾ ਜਥੇਦਾਰ ਹੋਵੇ ਜਾਂ ਕੋਈ ਹੋਰ ਧਾਰਮਿਕ ਅਥਵਾ ਸਿਆਸੀ ਆਗੂ ਹੋਵੇ।

ਪੰਥ ਦੇ ਮਹਾਨ ਪ੍ਰਚਾਰਕ ਗਿਆਨੀ ਸੰਤ ਸਿੰਘ ਮਸਕੀਨ ਬਾਰੇ ਉਹ ਲਿਖਦਾ ਹੈ : **"ਮਸਕੀਨ ਆਰ.ਐਸ.ਐਸ. ਦੀ ਝੋਲੀ ਪੈ ਗਿਆ ਸੀ ਤੇ ਸਿੱਖੀ ਨੂੰ ਵੇਦਾਂਤ ਤੇ ਬ੍ਰਾਹਮਣਵਾਦ ਦੇ ਤਰੀਕੇ ਨਾਲ ਪੇਸ਼ ਕਰਨ ਲਗ ਪਿਆ ਸੀ। ਉਸ ਦੇ ਮਰਨ 'ਤੇ ਅਕਾਲ ਤਖ਼ਤ ਦੇ ਬ੍ਰਾਹਮਣ ਗ੍ਰੰਥੀ ਵੇਦਾਂਤੀ ਨੇ ਉਸ ਨੂੰ ਗੁਰਮਤਿ ਵਿਦਿਆ ਮਾਰਤੰਡ ਬਣਾ ਦਿੱਤਾ।"** (ਪੰਨਾ 1655)

ਇਹ ਟੂਕਾਂ ਤਾਂ ਕੇਵਲ ਦਾਲ ਵਿਚੋਂ ਦਾਣਾ ਟੋਹਣ ਵਾਲੇ ਨਮੂਨੇ ਵਾਂਗੂ ਹਨ। ਇਸ ਕਿਤਾਬ ਦੇ ਹਰ ਦੂਜੇ-ਤੀਜੇ ਪੰਨੇ 'ਤੇ ਕੋਈ ਨਾ ਕੋਈ ਐਸੀ ਟਿੱਪਣੀ ਅੰਕਿਤ ਹੈ, ਜਿਹੜੀ ਸ਼ਰਧਾਵਾਨ ਸਿੱਖ ਦੇ ਹਿਰਦੇ ਨੂੰ ਚੀਰਦੀ ਹੈ ਅਤੇ ਗੌਰਵਸ਼ਾਲੀ ਸਿੱਖ ਪਿਰਤਾਂ ਨੂੰ ਸ਼ੱਕੀ ਬਣਾਉਣ ਦਾ ਯਤਨ ਕਰਦੀ ਹੈ।

ਇੱਥੇ ਹੀ ਬੱਸ ਨਹੀਂ, ਬਹੁਤ ਸਾਰੀਆਂ ਪੰਥ ਪ੍ਰਵਾਨਤ ਇਤਿਹਾਸਿਕ ਤਾਰੀਖਾਂ, ਸੰਨ ਅਤੇ ਸੰਮਤਾਂ ਬਾਰੇ ਵੀ ਇਸ ਕਿਤਾਬ ਵਿਚ ਰੋਲ-ਘਚੋਲਾ ਖੜ੍ਹਾ ਕੀਤਾ ਗਿਆ ਹੈ। ਉਦਾਹਰਣ ਵਜੋਂ, ਅੰਮ੍ਰਿਤ ਸੰਚਾਰ ਦਾ ਸਾਲ ਸੰਨ 1999 ਦੀ ਬਜਾਏ ਸੰਨ 1998 ਲਿਖਿਆ ਹੈ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਵਰ੍ਹਾ ਸੰਨ 1666 ਦੀ ਬਜਾਏ 1661 ਲਿਖਿਆ ਹੈ। ਇਵੇਂ ਹੀ ਛੇਵੇਂ ਪਾਤਿਸ਼ਾਹ ਦਾ ਪ੍ਰਕਾਸ਼ ਸੰਨ 1595 ਦੀ ਥਾਂ 'ਤੇ 1590 ਅੰਕਿਤ ਕੀਤਾ ਗਿਆ ਹੈ।

ਸਾਰੇ ਪੰਥ ਪ੍ਰਵਾਨਤ ਇਤਿਹਾਸਿਕ ਸਰੋਤਾਂ ਦੇ ਉਲਟ ਦਿੱਲੀ ਵਿਚ ਅੱਠਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇੱਕਠੇ ਦਿਖਾ ਕੇ, ਇਸੇ ਮਿਲਣੀ ਸਮੇਂ ਅੱਠਵੇਂ ਪਾਤਿਸ਼ਾਹ ਵਲੋਂ ਉੱਥੇ ਹੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਗੱਦੀ ਦੇਣ ਦਾ ਐਲਾਨ ਕਰਵਾ ਕੇ ਭਾਈ ਮੱਖਣ ਸ਼ਾਹ ਲੁਬਾਣਾ ਦੇ ਵਪਾਰਕ ਬੇੜੇ ਅਤੇ "ਗੁਰੂ ਲਾਧੋ ਰੇ" ਵਾਲੇ ਇਤਿਹਾਸਿਕ ਵਰਤਾਰੇ ਨੂੰ ਤਵਾਰੀਖ਼ ਵਿਚੋਂ ਮਨਫ਼ੀ ਕਰ ਦਿੱਤਾ ਗਿਆ ਹੈ।

ਕਿਉਂਕਿ ਅਜੋਕੇ ਦੌਰ ਵਿਚ ਮੋਟੀਆਂ ਕਿਤਾਬਾਂ ਪੜ੍ਹਣ ਦਾ ਰਿਵਾਜ਼ ਸਾਡੇ ਵਿਚ ਨਾਂ-ਮਾਤਰ ਹੀ ਰਹਿ ਗਿਆ ਹੈ, ਇਸ ਲਈ ਇਸ ਕਿਤਾਬ ਬਾਰੇ ਕਿਸੇ ਪੰਥਕ ਸੰਸਥਾ ਵਲੋਂ ਅਜੇ ਤੱਕ ਕੋਈ ਨੋਟਿਸ ਨਹੀਂ ਲਿਆ ਗਿਆ। ਪਰ ਬਿਨਾਂ ਪੜ੍ਹਿਆਂ ਹੀ ਕੁਝ ਅਦਾਰਿਆਂ ਅਤੇ ਵਿਅਕਤੀਆਂ ਵਲੋਂ ਅਣਜਾਣੇ ਵਿਚ ਜਾਂ ਧੜਾ ਪਾਲਣ ਦੇ ਇਰਾਦੇ ਨਾਲ ਇਸ ਕਿਤਾਬ ਦੇ ਲੇਖਕ ਨੂੰ 'ਮਹਾਨ ਸਿੱਖ ਇਤਿਹਾਸਕਾਰ' ਆਖਿਆ ਜਾ ਰਿਹਾ ਹੈ। ਅੱਜ ਬੇਸ਼ੱਕ ਇਹ ਕਿਤਾਬ ਮਾਮੂਲੀ ਗੱਲ ਜਾਪਦੀ ਹੋਵੇ, ਪਰ ਜਦੋਂ ਦਹਾਕਿਆਂ ਬਾਅਦ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਅਜਿਹੀਆਂ ਕਿਤਾਬਾਂ ਵਿਚੋਂ ਆਪਣੇ ਇਤਿਹਾਸ ਦੇ ਹਵਾਲੇ ਢੂੰਡਣਗੀਆਂ ਤਾਂ ਉਹ ਸਿੱਖੀ ਦੀਆਂ ਗੌਰਵਸ਼ਾਲੀ ਪਿਰਤਾਂ ਨੂੰ ਸ਼ੱਕ ਦੀ ਨਿਗਾਹ ਦੇਖਦੀਆਂ ਹੋਈਆਂ ਆਪਣੇ ਵਿਰਸੇ ਅਤੇ ਧਰਮ ਤੋਂ ਮੁਨਕਰ ਹੋ ਜਾਣਗੀਆਂ। ਅਸੀਂ ਇਸ ਭਵਿੱਖੀ ਖਤਰੇ ਨੂੰ ਭਾਂਪਦੇ ਹੋਏ ਆਪਣਾ ਫਰਜ਼ ਸਮਝ ਕੇ ਸੁਹਿਰਦ ਪੰਥਕ ਧਿਰਾਂ ਨੂੰ ਇਸ ਪੱਖੋਂ ਸੁਚੇਤ ਕਰਨ ਦੇ ਯਤਨ ਵਜੋਂ ਇਸ ਕਿਤਾਬ ਵਿਚੋਂ ਉਪਰੋਕਤ ਵਰਨਣ ਕੁਝ ਹਵਾਲੇ ਹੁਬਹੂ ਪ੍ਰਸਤੁਤ ਕੀਤੇ ਹਨ।

ਕਿਸੇ ਵੀ ਕੌਮ ਦਾ ਰੌਸ਼ਨ ਭਵਿੱਖ ਇਸ ਗੱਲ ਨਾਲ ਜੁੜਿਆ ਹੁੰਦਾ ਹੈ ਕਿ ਉਸ ਦਾ ਅਤੀਤ (ਇਤਿਹਾਸ) ਕਿਤਨਾ ਕੁ ਗੌਰਵਸ਼ਾਲੀ ਹੈ ਅਤੇ ਉਹ ਆਪਣੇ ਤਵਾਰੀਖ਼ੀ ਪਿਛੋਕੜ ਨੂੰ ਕਿੰਨੀ ਸ਼ਿੱਦਤ ਨਾਲ ਸੰਭਾਲ ਕੇ ਉਸ ਤੋਂ ਸੇਧ ਪ੍ਰਾਪਤ ਕਰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖ ਕੌਮ ਦਾ ਇਤਿਹਾਸ ਬੜਾ ਗੌਰਵਸ਼ਾਲੀ ਹੈ ਅਤੇ ਹਰ ਔਖੇ ਸਮੇਂ ਸਾਡੀ ਅਗਵਾਈ ਕਰਨ ਵਾਲਾ ਹੈ। ਸਾਡੇ ਪੁਰਖਿਆਂ ਨੇ ਵੀ ਹਮੇਸ਼ਾਂ ਪੰਥਕ ਹਿੱਤਾਂ ਤੋਂ ਆਪਣਾ ਆਪਾ ਕੁਰਬਾਨ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ। ਪਰ ਫਸਲ ਵਿਚ ਕਾਂਗਿਆਰੀਆਂ ਉੱਗਣ ਵਾਂਗ ਕਦੇ ਕਦੇ ਕੁਝ ਅਜਿਹੇ ਸਖਸ਼ ਵੀ 'ਸਿੱਖੀ-ਸਰੂਪ' ਵਿਚ ਨਜ਼ਰ ਆਉਣ ਲੱਗ ਪੈਂਦੇ ਹਨ, ਜਿਹੜੇ ਗੁਰਮਤਿ ਸਿਧਾਂਤਾਂ ਦੇ ਨਾਲ ਇਤਿਹਾਸਿਕ ਪਿਰਤਾਂ ਅਤੇ ਕੌਮੀ ਤਵਾਰੀਖ਼ ਨੂੰ ਮੁੱਢੋ ਹੀ ਮਲੀਆਮੇਟ ਕਰਨ ਲਈ ਤਰਲੋਮੱਛੀ ਹੋਏ ਰਹਿੰਦੇ ਹਨ। ਕਿਸੇ ਕੌਮ ਲਈ ਅਜਿਹੇ 'ਬੁੱਕਲ ਦੇ ਸੱਪ' ਕਿਸੇ ਵੀ ਬਾਹਰਲੇ ਦੁਸ਼ਮਣ ਨਾਲੋਂ ਵਧੇਰੇ ਖਤਰਨਾਕ ਹੁੰਦੇ ਹਨ।

ਅੱਜ ਜਿਸ ਵੇਲੇ ਸਿਰਸੇ ਵਾਲੇ ਸਾਧ ਅਤੇ ਆਸ਼ੂਤੋਸ਼ ਵਰਗੇ ਦੇਹਧਾਰੀ ਸਿੱਖ ਇਤਿਹਾਸ ਅਤੇ ਗੁਰਮਤਿ ਸਿਧਾਂਤਾਂ ਨੂੰ ਬਾਹਰੋਂ ਵੰਗਾਰ ਰਹੇ ਹਨ, ਉਸੇ ਵੇਲੇ 'ਸਿੱਖ ਤਵਾਰੀਖ਼' ਨੂੰ ਸੰਭਾਲਣ ਦੇ ਨਾਂ ਸਿੱਖ ਇਤਿਹਾਸ ਨੂੰ ਵਿਗਾੜਣ ਦਾ ਭਰਪੂਰ ਯਤਨ ਅੰਦਰੋਂ ਵੀ ਕੀਤਾ ਜਾ ਰਿਹਾ ਹੈ। ਇਸ ਦੀ ਇੱਕ ਉਦਾਹਰਣ ਡਾ• ਹਰਜਿੰਦਰ ਸਿੰਘ ਦਿਲਗੀਰ ਦੀ ਲਿਖੀ ਕਿਤਾਬ "ਸਿੱਖ ਤਵਾਰੀਖ਼" ਹੈ। ਇਸ ਕਿਤਾਬ ਵਿਚ ਡਾ• ਹਰਜਿੰਦਰ ਸਿੰਘ ਦਿਲਗੀਰ ਨੇ ਸਿੱਖ ਇਤਿਹਾਸ ਨੂੰ ਸੰਭਾਲਣ ਦੇ ਨਾਂ 'ਤੇ ਸਿੱਖ ਗੁਰੂ ਸਾਹਿਬਾਨ, ਸਿੱਖ ਸ਼ਹੀਦਾਂ ਅਤੇ ਗੌਰਵਸ਼ਾਲੀ ਸਿੱਖ ਪਿਰਤਾਂ ਦੀ ਤਵਾਰੀਖ਼ ਨੂੰ ਵਿਗਾੜਣ ਦਾ ਕੋਝਾ ਯਤਨ ਕੀਤਾ ਹੈ।

ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼ ਵਲੋਂ ਸਮੂਹ ਪੰਥ ਪ੍ਰਸਤ ਅਦਾਰਿਆਂ, ਸੰਸਥਾਵਾਂ, ਸਖਸ਼ੀਅਤਾਂ ਅਤੇ ਖਾਸ ਤੌਰ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਅਪੀਲ ਹੈ ਕਿ ਉਹ ਗੌਰਵਸ਼ਾਲੀ ਸਿੱਖ ਤਵਾਰੀਖ਼ ਨੂੰ ਵਿਗਾੜਣ ਵਾਲੇ ਅਜਿਹੇ ਪ੍ਰਾਪੇਗੰਡੇ ਤੋਂ ਸੁਚੇਤ ਰਹਿਣ ਅਤੇ ਆਪਣੀਆਂ ਸਟੇਜਾਂ ਤੋਂ ਅਜਿਹੇ ਪ੍ਰਚਾਰ ਨੂੰ ਪੰਥਕ ਰਵਾਇਤਾਂ ਅਨੁਸਾਰ ਠੱਲਣ ਲਈ ਯਤਨਸ਼ੀਲ ਹੋਣ।

ਬੇਨਤੀ ਕਰਤਾ :

**ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼**

ਕੋਆਰਡੀਨੇਟਰ

**ਜੋਗਾ ਸਿੰਘ 07810 535 242 --- ਕੁਲਦੀਪ ਸਿੰਘ ਚਹੇੜੂ 07973 712 872**